# 8ਵੀ ਜਮਾਤ (ਕੰਪਿਊਟਰ ਸਾਇੰਸ)

## ਪਾਠ-1 ਟਾਈਪਿੰਗ ਟਿਊਟਰ

### 1. ਖਾਲੀ ਸਥਾਨ ਭਰੋਂ:

1 .......................... ਦੀ ਵਰਤੋਂ ਪੰਜਾਬੀ ਵਿੱਚ ਟਾਈਪ ਕਰਨ ਲਈ ਕੀਤੀ ਜਾਂਦੀ ਹੈ।

ੳ) AnmolLipi (ਅਨਮੋਲ ਲਿੱਪੀ) ਅ) Raavi (ਰਾਵੀ)

ੲ) Joy (ਜੁਆਏ) ਸ) ਉਪਰੋਕਤ ਸਾਰੇ

2 ਅਨਮੋਲ ਲਿੱਪੀ ਨਾਲ ਟਾਈਪ ਕਰਦੇ ਹੋਏ ਖੱਬੇ ਹੱਥ ਦੀ ਛੋਟੀ ਉਗਲੀ ਨਾਲ ਹੋਮ ਰੋਅ ਦੀ ਕੀਅ ਦਬਾਈ ਜਾਂਦੀ ਹੈ।

ੳ) ੳ / ਅ ਅ) ਸ / ਸ਼ ੲ) ਦ / ਧ ਸ) ਡ / ਢ

3 ਅਨਮੋਲ ਲਿੱਪੀ ਨਾਲ ਟਾਈਪ ਕਰਦੇ ਹੋਏ ਖੱਬੇ ਹੱਥ ਦੀ ਰਿੰਗ ਉਗਲੀ ਨਾਲ ਦੂਜੀ ਰੋਅ ਦੀ ਕੀਅ ਦਬਾਈ ਜਾਂਦੀ ਹੈ।

ੳ) ਤ / ਥ ਅ) ਾ / ਾਂ ੲ) ੲ / ੳ ਸ) ਰ / ੍ਰ

4 ਅਨਮੋਲ ਲਿੱਪੀ ਨਾਲ ਟਾਈਪ ਕਰਦੇ ਹੋਏ ਸੱਜੇ ਹੱਥ ਦੀ ਇੰਡੈਕਸ ਉਗਲੀ ਨਾਲ ਤੀਜੀ ਰੋਅ ਦੀ ..............
ਕੀਅ ਦਬਾਈ ਜਾਂਦੀ ਹੈ।

ੳ) ਬ / ਭ ਅ) ਨ / ੱ ਅ) ਮ / ੰ ੲ) ਮ / ੰ, ਨ / ੱ

5 ਨੰਬਰ ਪੈਡ ਦੀ ਵਰਤੋਂ ਲਈ ................ ਕੀਅ ON ਰੱਖਣੀ ਚਾਹੀਦੀ ਹੈ।

ੳ) Num lock (ਨਮ ਲਾਕ) ਅ) Caps Lock (ਕੈਪਸ ਲਾਕ)

ੲ) Scroll lock (ਸਕਰੋਲ ਲਾਕ) ਸ) ਇਹਨਾ ਵਿਚੋਂ ਕੋਈ ਨਹੀਂ

ਉੱਤਰ 1. ਉਪਰੋਕਤ ਸਾਰੇ 2. ੳ / ਅ 3. ਾ / ਾਂ 4. ਮ / ੰ, ਨ / ੱ 5. Num lock (ਨਮ ਲਾਕ)

### 2 ਸਹੀ ਜਾਂ ਗਲਤ ਲਿਖੋ।

1. ਟਾਈਪਿੰਗ ਕਰਨ ਲਈ ਕੀਅਬੋਰਡ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ- ਇੱਕ ਖੱਬੇ ਹੱਥ ਲਈ ਅਤੇ ਇੱਕ ਸੱਜੇ ਹੱਥ ਲਈ। (ਸਹੀ)
2. ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀ ਅਸੀਂ ਕੀਅ ਬੋਰਡ ਨੂੰ ਦੇਖਦੇ ਹੋਏ ਤੇਜ਼ ਰਫਤਾਰ ਨਾਲ ਟਾਈਪਿੰਗ ਕਰਨੀ ਸਿਖਦੇ ਹਾਂ। (ਗਲਤ)
3. ਅਨਮੋਲਲਿਪੀ ਫੌਂਟ ਸਾਨੂੰ ਪੰਜਾਬੀ ਵਿਚ ਟਾਈਪ ਕਰਨ ਵਿੱਚ ਮਦਦ ਕਰਦਾ ਹੈ। (ਸਹੀ)
4. ਸਪੇਸਬਾਰ ਕੀਅ ਦਬਾਉਣ ਲਈ ਅਸੀ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ। (ਗਲਤ)
5. Shfit ਕੀਅ ਦੀ ਵਰਤੋਂ ਅਗਲੀ ਲਾਈਨ ਤੇ ਜਾਣ ਲਈ ਕੀਤੀ ਜਾਂਦੀ ਹੈ। (ਗਲਤ)

## 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ


**ਪ੍ਰਸ਼ਨ:1 ਟੱਚ ਟਾਈਪਿੰਗ ਕੀ ਹੈ ?**

ਉੱਤਰ ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਨਾਲ ਅਸੀ ਕੀਬੋਰਡ ਨੂੰ ਬਿਨਾ ਦੇਖੇ ਤੇਜ਼ ਰਫਤਾਰ ਨਾਲ ਅਤੇ ਸਹੀ ਟਾਈਪਿੰਗ ਕਰਨੀ ਸਿੱਖ ਸਕਦੇ ਹਾਂ।

ਪ੍ਰਸ਼ਨ:2 ਹੋਮ ਰੋਅ ਉੱਪਰ ਉਗਲਾਂ ਦੀ ਸਥਿਤੀ ਦਾ ਵਰਣਨ ਕਰੋ ?

ਉੱਤਰ ਹੋਮ ਰੋਅ ਉੱਪਰ ਉਗਲਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ:

| ਉਂਗਲ | Shift ਕੀਅ ਤੋਂ ਬਿਨ੍ਹਾਂ | Shift ਕੀਅ ਨਾਲ | Shift ਕੀਅ ਤੋਂ ਬਿਨ੍ਹਾਂ | Shift ਕੀਅ ਨਾਲ |
|---|---|---|---|---|
| ਛੋਟੀ (ਚੋਥੀ) ਉਂਗਲ | ੳ | ਅ | ; | : |
| ਰਿੰਗ (ਤੀਜੀ) ਉਂਗਲ | ਸ | ਸ਼ | ਲ | ਲ਼ |
| ਮੱਧ (ਦੂਜੀ) ਉਂਗਲ | ਦ | ਧ | ਕ | ਖ |
| ਇੰਡੈਕਸ (ਪਹਿਲੀ) ਉਂਗਲ | ਢ ਗ | ਢ ਘ | ਹ ਜ | ੍ ਝ |
| | ਖੱਬਾ ਹੱਥ | | ਸੱਜਾ ਹੱਥ | |




ਪ੍ਰਸ਼ਨ:3 ਪੰਜਾਬੀ ਭਾਸ਼ਾ ਵਿੱਚ ਟਾਈਪਿੰਗ ਕਿਵੇ ਕੀਤੀ ਜਾਂਦੀ ਹੈ।

ਉੱਤਰ ਪੰਜਾਬੀ ਵਿੱਚ ਟਾਈਪਿੰਗ ਕਰਨ ਲਈ ਵੱਖ-ਵੱਖ ਤਰ੍ਹਾ ਦੇ ਫੋਟ ਦੀ ਵਰਤੋਂ ਕੀਤੀ ਜਾਂਦੀ ਹੈ।ਪੰਜਾਬੀ ਵਿੱਚ ਟਾਈਪਿੰਗ ਸਿੱਖਣ ਲਈ ਅਨਮੋਲ ਲਿਪੀ ਫੋਂਟ ਸਭ ਤੋ ਅਸਾਨ ਫੋਂਟ ਹੈ।

ਪ੍ਰਸ਼ਨ:4 ਪੰਜਾਬੀ ਭਾਸ਼ਾ ਵਿੱਚ ਟਾਈਪ ਕਰਨ ਲਈ ਕੋਈ ਤਿੰਨ ਫੋਂਟਜ ਦੇ ਨਾਮ ਲਿਖੋ ?

ਉੱਤਰ 1 ਅਨਮੋਲ ਲਿਖੀ ਫੋਂਟ

2 ਰਾਵੀ ਫੋਂਟ

3 ਅਸ਼ੀਸ ਫੋਂਟ

4 **ਜੁਆਏ** ਫੋਂਟ

## 4. ਵੱਡੇ ਉੱਤਰਾਂ ਵਾਲੇ ਪ੍ਰਸਨ

ਪ੍ਰਸ਼ਨ:1 ਅਸੀਂ ਟਾਈਪਿੰਗ ਸਪੀਡ ਨੂੰ ਕਿਵੇ ਵਧਾਅ ਸਕਦੇ ਹਾਂ ?

ਉੱਤਰ 1) ਟਾਈਪਿੰਗ ਕਰਦੇ ਸਮੇਂ ਕੀ ਬੋਰਡ ਵੱਲ ਨਾ ਦੇਖੋ ।

2) ਆਪਣੀਆਂ ਉਗਲਾਂ ਦੀ ਸਥਿਤੀ ਹਮੇਸਾਂ ਹੋਮ ਰੋਅ ਉੱਪਰ ਰੱਖੋ ।

3) ਲਗਾਤਾਰ ਅਤੇ ਅਰਾਮ ਨਾਲ ਟਾਈਪਿੰਗ ਕਰਨ ਵੱਲ ਧਿਆਨ ਰੱਖੋ।

4) ਆਪਣਾ ਧਿਆਨ ਰਫਤਾਰ ਨਾਲੋ ਸਹੀ ਕੀਅ ਦਬਾਉਣ ਵੱਲ ਰੱਖੋ।

ਪ੍ਰਸ਼ਨ:2 ਅਨਮੋਲ ਲਿਖੀ ਦਾ ਕੀਅ ਮੈਪ ਡਰਾਅ ਕਰੋ ?

